بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 02.11.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਸਪਸ਼ਟ ਰਹੇ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਗ਼ੁਲਾਮੀ ਵਿੱਚ ਦੁਨੀਆਂ ਵਿੱਚੋਂ ਸ਼ਿਰਕ (ਅਨੇਕ ਈਸ਼ਵਰਵਾਦ) ਖ਼ਤਮ ਕਰਨ ਆਏ ਸਨ**
**ਸੋ, ਇਹ ਕਿਸੇ ਵੀ ਪ੍ਰਕਾਰ ਸੰਭਵ ਨਹੀਂ ਕਿ ਆਪ ਦੀ ਸੱਚੀ ਖ਼ਿਲਾਫ਼ਤ ਕਿਸੇ ਵੀ ਪ੍ਰਕਾਰ ਦੇ ਸ਼ਿਰਕ ਨੂੰ ਵਧਾਉਣ ਵਾਲੀ ਹੋਵੇ ਜਾਂ ਹਵਾ ਦੇਣ ਵਾਲੀ ਹੋਵੇ,**
**ਖ਼ਿਲਾਫ਼ਤ ਦਾ ਮੁਢੱਲਾ ਕੰਮ ਹੀ ਸ਼ਿਰਕ ਦਾ ਖ਼ਾਤਮਾ ਅਤੇ ਤੌਹੀਦ (ਇਕ ਈਸ਼ਵਾਵਾਦ) ਦੀ ਸਥਾਪਨਾ ਹੈ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 02 ਨਵੰਬਰ 2018 ਈ. ਨੂੰ ਮਸਜਿਦ ਬੈਤੁਰ ਰਹਮਾਨ ਮੈਰੀਲੈਂਡ ਅਮਰੀਕਾ ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਰ ਵਿਅਕਤੀ 'ਤੇ ਪੁਰੁਸ਼ ਹੋਵੇ ਜਾਂ ਇਸਤਰੀ ਜੋ ਆਪਣੇ ਆਪ ਨੂੰ ਅਹਮਦੀ ਕਹਿੰਦਾ ਹੈ ਉਸ ਦਾ ਕੇਵਲ ਐਨ੍ਹਾ ਕਹਿਣਾ, ਉਸ ਨੂੰ ਹਕੀਕੀ ਅਹਮਦੀ ਨਹੀਂ ਬਣਾ ਦਿੰਦਾ ਕਿ ਉਹ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮੰਨ੍ਹਦਾ ਹੈ ਆਪ ਦੇ ਦਾਵੇ ਨੂੰ ਮਨ੍ਹਦਾ ਹੈ ਸਗੋਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਕ ਹਕੀਕੀ ਅਹਮਦੀ ਬਣਨ ਲਈ ਕਈ ਸ਼ਰਤਾਂ ਰੱਖੀਆਂ ਹਨ, ਕਈ ਜ਼ਿੰਮੇਦਾਰੀਆਂ ਪਾਈਆਂ ਹਨ, ਕਈ ਜ਼ਿੰਮੇਦਾਰੀਆਂ ਵੱਲ ਧਿਆਨ ਦੁਆਇਆ ਹੈ ਕਿ ਜੇਕਰ ਇਹਨਾ ਉਪੱਰ ਅਮਲ ਕਰੋਗੇ ਇਹਨਾ ਨੂੰ ਪੂਰਾ ਕਰੋਗੇ ਤਾਂ ਫਿਰ ਹੀ ਤੁਸੀਂ ਵਾਸਤਵਿਕ ਰੂਪ ਵਿੱਚ ਮੇਰੀ ਜਮਾਤ ਵਿੱਚ ਗਿਣੇ ਜਾਓਗੇ । ਕਰਮ ਰੂਪੀ ਅਹਮਦੀ ਬਣਨ ਲਈ ਆਪਣੇ ਸਾਰਿਆਂ ਗੁਣਾ ਤੇ ਸ਼ਕਤੀਆਂ ਤੇ ਸਮਰਥਾ ਨਾਲ ਇਹਨਾ ਗਲੱਾਂ ਉਪੱਰ ਅਮਲ ਕਰਨਾ ਜ਼ਰੂਰੀ ਹੈ, ਜਿੰਨ੍ਹਾ ਦੀ ਹਜ਼ਰਤ ਮਸੀਹ ਮੌਊਦ ਅਲੈਹਿ ਨੇ ਇਕ ਅਹਮਦੀ ਤੋਂ ਆਸ ਕੀਤੀ ਹੈ । ਆਪ ਨੇ ਫ਼ਰਮਾਇਆ ਬੈਅਤ ਤੋਂ ਭਾਵ ਰੱਬ ਨੂੰ ਆਪਣੀ ਜਾਨ ਸੁਪੁਰਦ ਕਰਨਾ ਹੈ । ਸੋ ਇਹ ਕੋਈ ਸਾਧਾਰਣ ਕੰਮ ਨਹੀਂ ਹੈ । ਜੱਦ ਅਸੀਂ ਆਪਣੀ ਕੋਈ ਚੀਜ਼ ਕਿਸੇ ਨੂੰ ਵੇਚਦੇ ਹਾਂ ਤਾਂ ਫਿਰ ਉਸ ਉਪੱਰ ਸਾਡਾ ਕੋਈ ਹੱਕ ਨਹੀਂ ਰਹਿੰਦਾ । ਸੋ, ਇਹ ਉਹ ਹਾਲਤ ਹੈ ਜੋ ਸਾਨੂੰ ਆਪਣੇ ਉਪੱਰ ਲਾਗੂ ਕਰਨੀ ਚਾਹੀਦੀ ਹੈ

ਅਤੇ ਇਹ ਉਹ ਸੋਚ ਹੈ ਜੋ ਸਾਨੂੰ ਆਪਣੀਆਂ ਜਾਨਾ ਬਾਰੇ ਰਖੱਣੀ ਚਾਹੀਦੀ ਹੈ । ਆਪ ਨੇ ਫ਼ਰਮਾਇਆ ਕਿ ਬੈਅਤ ਕਰਨ ਵਾਲੇ ਨੂੰ ਸਭ ਤੋਂ ਪਹਿਲਾਂ ਵਿਨਮ੍ਰਤਾ, ਆਜਜ਼ੀ ਧਾਰਨ ਕਰਨੀ ਪੈਂਦੀ ਹੈ ਅਤੇ ਆਪਣੇ ਆਪੇ ਤੇ ਹਉਮੈ ਤੋਂ ਅੱਡ ਹੋਣਾ ਪੈਂਦਾ ਹੈ । ਇਹ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸ਼ਬਦ ਹਨ ਕਿ ਆਪੇ ਤੇ ਹਉਮੈਂ ਤੋਂ ਅੱਡ ਹੋਣਾ ਪੈਂਦਾ ਹੈ । ਹਜ਼ੂਰ ਅਨਵਰ ਨੇ ਫ਼ਰਮਾਇਆ : ਕਈ ਲੋਕਾਂ ਵਿੱਚ ਆਪੇ ਤੇ ਹਉਮੈ ਦੀ ਇਹ ਅਵਸਥਾ ਹੁੰਦੀ ਹੈ ਕਿ ਇਕ ਉਹਦੇਦਾਰ ਦੂਜੇ ਉਹਦੇਦਾਰ ਨਾਲ ਰੁਸਕੇ ਇਕ ਥਾਂ ਮੇਰੀ ਮੌਜੂਦਗੀ ਹੁੰਦਿਆਂ ਹੋਇਆਂ ਵੀ ਮਸਜਿਦ ਵਿੱਚ ਹਾਜ਼ਰ ਨਹੀਂ ਹੋਇਆ । ਇਸ ਲਈ ਕਿ ਉਸ ਉਹਦੇਦਾਰ ਨਾਲ ਉਸ ਦੇ ਸੰਬੰਧ ਚੰਗੇ ਨਹੀਂ ਸਨ । ਖ਼ੁਦੀ ਤੇ ਨਫ਼ਸਾਨੀਯਤ (ਆਪਾ ਤੇ ਹਉਮੈ) ਐਨ੍ਹੀ ਵੱਧ ਗਈ ਸੀ ਕਿ ਖ਼ਿਲਾਫ਼ਤ ਦੀ ਬੈਅਤ ਦਾ ਦਾਵਾ ਤਾਂ ਹੈ ਪਰ ਉਸ ਦਾ ਲਿਹਾਜ਼ ਨਹੀਂ ਹੈ।

ਸਮੇਂ ਦਾ ਖ਼ਲੀਫ਼ਾ ਉੱਥੇ ਮੌਜੂਦ ਹੈ ਅਤੇ ਉਸ ਦੇ ਪਿੱਛੇ ਨਮਾਜ਼ਾਂ ਪੜ੍ਹਨ ਜਾਣਾ ਹੈ ਨ ਕਿ ਕਿਸੇ ਉਹਦੇਦਾਰ ਦੀ ਖ਼ਾਤਰ ਮਸਜਿਦ ਵਿੱਚ ਆਉਂਣਾ ਹੈ ਅਤੇ ਆਪ ਵੀ ਉਹਦੇਦਾਰ ਹੈ । ਤਾਂ ਇਹ ਹਾਲਤ ਜੇਕਰ ਹੋਵੇਗੀ ਤਾਂ ਫਿਰ ਅਜਿਹੇ ਅਹਮਦੀ ਹੋਣ ਦਾ ਕੋਈ ਲਾਭ ਨਹੀਂ । ਸੋ, ਹੰਕਾਰ ਤੇ ਆਪੇ ਨੂੰ ਮਾਰਨਾ ਪੈਂਦਾ ਹੈ, ਆਪੇ ਤੇ ਹਉਮੈ ਤੋਂ ਅੱਡ ਹੋਣਾ ਪੈਂਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਜੇਕਰ ਬੈਅਤ ਸਮੇਂ ਵਾਦਾ ਹੋਰ ਹੈ ਅਤੇ ਫਿਰ ਅਮਲ ਹੋਰ ਹੈ ਤਾਂ ਦੇਖੋ ਕਿੰਨ੍ਹਾ ਵਡੱਾ ਅੰਤਰ ਹੈ ਤੁਹਾਡੀਆਂ ਗਲੱਾਂ ਵਿੱਚ । ਜੇਕਰ ਤੁਸੀਂ ਰੱਬ ਨਾਲ ਅੰਤਰ ਰੱਖੋਗੇ ਤਾਂ ਉਹ ਤੁਹਾਡੇ ਨਾਲ ਵੀ ਅੰਤਰ ਰੱਖੇਗਾ, ਆਪ ਨੇ ਫ਼ਰਮਾਇਆ ਇਸ ਲਈ ਤੁਸੀਂ ਆਪਣੀ ਆਸਥਾ (ਇਮਾਨ) ਅਤੇ ਕਰਮਾ ਦੀ ਪੜਤਾਲ ਕਰੋ ਕਿ ਕੀ ਅਜਿਹੀ ਤਬਦੀਲੀ ਅਤੇ ਸਫ਼ਾਈ ਕਰ ਲਈ ਹੈ ਕਿ ਤੁਹਾਡਾ ਦਿਲ ਰੱਬ ਦਾ ਟਿਕਾਣਾ ਹੋ ਜਾਏ ਅਤੇ ਤੁਸੀਂ ਉਸ ਦੀ ਸੁਰੱਖਿਆ ਦੇ ਪਰਛਾਵੇਂ ਹੇਠ ਆ ਜਾਓ । ਆਪ ਨੇ ਫ਼ਰਮਾਇਆ, ਕਿ ਮੈਂ ਤੁਹਾਨੂੰ ਵਾਰ ਵਾਰ ਨਸੀਹਤ ਕਰਦਾ ਹਾਂ ਕਿ ਤੁਸੀਂ ਅਜਿਹੇ ਪਾਕ ਤੇ ਸਾਫ਼ ਹੋ ਜਾਓ ਜਿਵੇਂ ਸਹਾਬਾ ਨੇ ਆਪਣੀ ਤਬਦੀਲੀ ਕੀਤੀ । ਉਹਨਾ ਨੇ ਵਰ੍ਹਿਆਂ ਸਗੋਂ ਪੀੜ੍ਹੀਆਂ ਦੀ ਦੁਸ਼ਮਣੀ ਨੂੰ ਕੇਵਲ ਰੱਬ ਖ਼ਾਤਰ ਪ੍ਰੇਮ ਤੇ ਭਾਈਚਾਰੇ ਵਿੱਚ ਬਦਲ ਦਿਤੱਾ । ਉਹਨਾਂ ਨੇ ਜੱਦ ਸ਼ਿਰਕ ਤੋਂ ਤੋਬਾ ਕੀਤੀ ਤਾਂ ਗੁਪਤ ਤੋਂ ਗੁਪਤ ਸ਼ਿਰਕ ਤੋਂ ਵੀ ਬਚਣ ਦਾ ਜਤਨ ਕੀਤਾ । ਗੁਪਤ ਸ਼ਿਰਕ ਕੀ ਹੈ ਇਸ ਦੀ ਵਿਆਖਿਆ ਕਰਦਿਆਂ ਹੋਇਆਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਸ਼ਿਰਕ ਤੋਂ ਭਾਵ ਕੇਵਲ ਇਹ ਨਹੀਂ ਕਿ ਪਥੱਰਾਂ ਆਦਿ ਦੀ ਪੂਜਾ ਕੀਤੀ ਜਾਏ ਸਗੋਂ ਇਹ ਵੀ ਸ਼ਿਰਕ ਹੈ ਕਿ ਸਬਬਾਂ ਦੀ ਪ੍ਰਸਤਿਸ਼ (ਪੂਜਾ) ਕੀਤੀ ਜਾਏ ।

ਆਂਹਜ਼ਰ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਅਮਲਾਂ ਵਿੱਚ ਦਿਖਾਵੇ ਨਾਲ ਲੈਂਣਾ ਅਤੇ ਗੁਪਤ ਇਛੱਾਵਾਂ ਵਿੱਚ ਗ੍ਰਿਸਿਆ ਹੋਇਅ ਹੋਣਾ ਇਹ ਵੀ ਸ਼ਿਰਕ ਹੈ । ਜੇਕਰ ਕੋਈ ਵਿਅਕਤੀ ਧਾਰਮਕ ਆਦੇਸ਼ਾਂ ਨੂੰ ਪਿੱਛੇ ਸੁਟੱਕੇ ਸੰਸਾਰਕ ਇਛੱਾਵਾਂ ਨੂੰ ਪੂਰਾ ਕਰਦਾ ਹੈ ਤਾਂ ਸ਼ਿਰਕ ਦਾ ਪਾਤਰ ਹੁੰਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਤੌਹੀਦ ਕੇਵਲ ਇਸ ਗੱਲ ਦਾ ਨਾਂ ਨਹੀਂ ਕਿ ਮੂੰਹੋ 'ਲਾ ਇਲਾਹਾ ਇਲੱਲੱਾਹ' ਕਹਿ ਦਿਓ ਅਤੇ ਦਿਲ ਵਿੱਚ ਹਜ਼ਾਰਾਂ ਹੀ ਬੁੱਤ ਇਕਤੱਰ ਹੋਣ ਸਗੋਂ ਜੋ ਵਿਅਕਤੀ ਕਿਸੇ ਆਪਣੇ ਕੰਮ, ਧੋਖਾ ਧੜੀ ਤੇ ਵਿਉਂਤ ਨੂੰ ਰੱਬ ਵਰਗੀ ਅਜ਼ਮਤ ਦਿੰਦਾ ਹੈ ਜਾਂ ਕਿਸੇ ਮਨੁੱਖ ਉਪੱਰ ਭਰੋਸਾ ਰਖੱਦਾ ਹੈ ਜੋ ਰੱਬ'ਤੇ ਰਖੱਣਾ ਚਾਹੀਦਾ ਹੈ ਜਾਂ ਆਪਣੇ ਆਪੇ ਨੂੰ ਉਹ ਸਨਮਾਨ ਦਿੰਦਾ ਹੈ ਜੋ ਰੱਬ ਨੂੰ ਦੇਣਾ ਚਾਹੀਦਾ ਹੈ, ਇਹਨਾਂ ਸਾਰੀਆਂ ਅਵਸਥਾਵਾਂ ਵਿੱਚ ਉਹ ਰੱਬ ਦੇ ਨੇੜੇ ਬੁੱਤ ਪ੍ਰਸਤੀ ਹੈ । ਕਿਸੇ ਨੇ ਮੈਂਨੂੰ ਕਿਹਾ ਕਿ ਲੋਕ ਸਮੇਂ ਦੇ ਖ਼ਲੀਫ਼ਾ ਨੂੰ ਐਨ੍ਹੀ ਹੱਦ ਤੱਕ ਉਚੱਾ ਅਸਥਾਨ ਦਿੰਦੇ ਹਨ ਕਿ ਸੰਭਵਤਾ ਉਹ ਸ਼ਿਰਕ ਦੀ ਅਵਸਥਾ ਤੱਕ ਚਲੇ ਗਏ ਹਨ । ਸਪਸ਼ਟ ਹੋਵੇ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਗ਼ੁਲਾਮੀ ਹੇਠ ਦੁਨੀਆ ਵਿੱਚੋਂ ਸ਼ਿਰਕ ਖ਼ਤਮ ਕਰਨ ਲਈ

ਆਏ ਸਨ । ਸੋ, ਇਹ ਕਿਸੇ ਵੀ ਪ੍ਰਕਾਰ ਸੰਭਵ ਨਹੀਂ ਕਿ ਆਪ ਦੀ ਸੱਚੀ ਖ਼ਿਲਾਫ਼ਤ ਕਿਸੇ ਵੀ ਪ੍ਰਕਾਰ ਦੇ ਸ਼ਿਰਕ ਨੂੰ ਵਧਾਉਣ ਵਾਲੀ ਹੋਵੇ ਜਾਂ ਹਵਾ ਦੇਣ ਵਾਲੀ ਹੋਵੇ । ਖ਼ਿਲਾਫ਼ਤ ਦਾ ਮੁਢੱਲਾ ਕੰਮ ਤਾਂ ਸ਼ਿਰਕ ਦਾ ਖ਼ਾਤਮਾ ਕਰਨਾ ਅਤੇ ਤੌਹੀਦ ਦੀ ਸਥਾਪਨਾ ਕਰਨਾ ਹੈ ਅਤੇ ਇਸ ਮਿਸ਼ਨ ਦੀ ਪੂਰਨਤਾ ਕਰਨਾ ਹੈ ਜਿਸ ਲਈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਪ੍ਰਗਟ ਹੋਏ । ਹਾਂ, ਖ਼ਿਲਾਫ਼ਤ ਦਾ ਸਨਮਾਨ ਕਾਇਮ ਕਰਨਾ ਖ਼ਲੀਫ਼ਾ ਦਾ ਕੰਮ ਹੈ ਅਤੇ ਉਹ ਉਸ ਦੀ ਜ਼ਿੱਮੇਦਾਰੀ ਹੈ ਉਹ ਕਰੇਗਾ ਅਤੇ ਇਸ ਲਈ ਕਰੇਗਾ ਕਿ ਰੱਬ ਦੇ ਵਾਦਿਆਂ ਅਨੁਸਾਰ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀਆਂ ਭਵਿਖੱਬਾਣੀਆਂ ਅਨੁਸਾਰ ਖ਼ਿਲਾਫ਼ਤ ਰਾਹੀਂ ਤੌਹੀਦ ਦਾ ਸੰਦੇਸ਼ ਦੁਨੀਆ ਵਿੱਚ ਫੈਲਣਾ ਹੈ ਅਤੇ ਦੁਨੀਆ ਵਿੱਚ ਸ਼ਿਰਕ ਦਾ ਖ਼ਾਤਮਾ ਹੋਣਾ ਹੈ । ਸੋ, ਕੁਝ ਕੱਚੇ ਦਿਮਾਗ਼ਾਂ ਵਿੱਚ ਜੋ ਅਜਿਹੇ ਵਿਚਾਰ ਸਿੱਖਿਆ ਦੀ ਘਾਟ ਕਰਕੇ ਉਭਰਦੇ ਹਨ ਉਹ ਉਹਨਾਂ ਨੂੰ ਆਪਣੀਆਂ ਸੋਚਾਂ ਵਿੱਚੋਂ ਕੱਢ ਦੇਣ ।

ਤੌਹੀਦ ਦੀ ਸਥਾਪਨਾ ਦੇ ਜਤਨ ਅਤੇ ਸ਼ਿਰਕ ਤੋਂ ਆਪਣੇ ਮੰਨ੍ਹਣ ਵਾਲਿਆਂ ਨੂੰ ਪਾਕ ਤੇ ਸਾਫ਼ ਕਰਨ ਦੇ ਮਹਤੱਵਪੂਰਨ ਕੰਮ ਦੇ ਬਾਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਸਾਨੂੰ ਜੋ ਧਿਆਨ ਦੁਆਇਆ ਅਤੇ ਜਿਸ'ਤੇ ਸਾਡੀ ਬੈਅਤ ਲਈ ਉਹ ਝੂਠ ਤੇ ਆਚਰਣਕ ਬੁਰਾਈਆਂ ਤੋਂ ਬਚਣਾ ਹੈ । ਅਲੱਾਹ ਤਆਲਾ ਕੁਰਆਨ ਕਰੀਮ ਵਿੱਚ ਫ਼ਰਮਾਰਉਂਦਾ ਹੈ ਕਿ فَاجْتَنِبُوا الرِّجْسَ مِنَ الْأَوْثَانِ وَاجْتَنِبُوا قَوْلَ الزُّوْرِ ਕਿ ਬੁਤਾਂ ਦੀ ਪਲੀਦੀ ਤੋਂ ਬਚੋ ਅਤੇ ਝੂਠ ਬੋਲਣ ਤੋਂ ਬਚੋ । ਹਜ਼ਰਤ ਮਸੀਹ ਮੌਊਦ ਆਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਕੁਰਆਨ ਕਰੀਮ ਨੇ ਝੂਠ ਨੂੰ ਵੀ ਇਕ ਗੰਦਗੀ ਕਿਹਾ ਹੈ । ਦੇਖੋ ਇੱਥੇ ਝੂਠ ਨੂੰ ਬੁੱਤ ਦੇ ਮੁਕਾਬਲੇ ਵਿੱਚ ਰੱਖਿਆ ਹੈ ਅਤੇ ਵਾਸਤਵ ਵਿੱਚ ਝੂਠ ਵੀ ਇਕ ਬੁੱਤ ਹੀ ਹੈ ਵਰਨਾ ਕਿਉਂ ਸਚੱਾਈ ਨੂੰ ਛੱਡਕੇ ਹੋਰ ਪਾਸੇ ਜਾਂਦਾ ਹੈ ।

ਝੂਠ ਵੀ ਇਕ ਬੁੱਤ ਹੈ ਜਿਸ'ਤੇ ਭਰੋਸਾ ਕਰਨ ਵਾਲਾ ਰੱਬ ਉਪੱਰ ਭਰੋਸਾ ਕਰਨਾ ਵੀ ਛੱਡ ਦਿੰਦਾ ਹੈ, ਸੋ, ਝੂਠ ਬੋਲਣ ਨਾਲ ਰੱਬ ਵੀ ਹੱਥੋਂ ਜਾਂਦਾ ਰਹਿੰਦਾ ਹੈ । ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਜੇਕਰ ਤੌਹੀਦ ਦਾ ਦਾਵਾ ਹੈ, ਜੇਕਰ ਰੱਬ ਦੀ ਇਬਾਦਤ ਦਾ ਦਾਵਾ ਹੈ, ਜੇਕਰ ਹੀਕੀਕੀ ਮੁਸਲਮਾਨ ਬਣਨ ਦਾ ਦਾਵਾ ਹੈ ਤਾਂ ਫਿਰ ਝੂਠ ਨੂੰ ਆਪਣੇ ਅੰਦਰੋਂ ਕਢੱਣਾ ਹੋਵੇਗਾ । ਕਈ ਲੋਕ ਮਮੂਲੀ ਗੱਲਾਂ ਵਿੱਚ ਵੀ ਗ਼ਲਤ ਬਿਆਨੀ ਨਾਲ ਕੰਮ ਲੈਂਦੇ ਹਨ । ਇਹ ਇਕ ਮੋਮਨ ਦੀ ਸ਼ਾਨ ਨਹੀਂ ਹੈ ਇਹ ਨਹੀਂ ਸਮਝਣਾ ਚਾਹੀਦਾ ਕਿ ਕਈ ਛੋਟੀਆਂ ਛੋਟੀਆਂ ਗ਼ਲਤ ਬਿਆਨੀਆ ਝੂਠ ਨਹੀਂ ਹਨ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਜਿਸ ਨੇ ਕਿਸੇ ਛੋਟੇ ਬੱਚੇ ਨੂੰ ਕਿਹਾ ਕਿ ਆਓ ਮੈਂ ਤੁਹਾਨੂੰ ਕੁਝ ਦਿੰਦਾ ਹਾਂ ਅਤੇ ਫਿਰ ਉਹ ਉਸ ਨੂੰ ਕੁਝ ਨਹੀਂ ਦਿੰਦਾ ਤਾਂ ਇਹ ਝੂਠ ਵਿੱਚ ਗਿਣਿਆ ਜਾਵੇਗਾ ਕਿ ਮਖ਼ੌਲ ਵਿੱਚ ਵੀ ਜੋ ਝੂਠ ਹੈ ਉਹ ਵੀ ਝੂਠ ਹੈ । ਫਿਰ ਫ਼ਰਮਾਇਆ ਕਿ ਝੂਠ ਪਾਪ ਅਤੇ ਫ਼ਸਾਦ ਝਗੜਿਆਂ ਵੱਲ ਲੈ ਜਾਂਦਾ ਹੈ ਅਤੇ ਫਸਾਦ ਤੇ ਝਗੜੇ ਨਰਕ ਵੱਲ ।

ਫਿਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵਿਸੇਸ਼ ਰੂਪ ਵਿੱਚ ਇਕ ਬੁਰਾਈ ਤੋਂ ਬਚਣ ਦੀ ਨਸੀਹਤ ਕੀਤੀ ਹੈ ਕਿ ਸਗੋਂ ਬੈਅਤ ਦੀਆਂ ਸ਼ਰਤਾਂ ਵਿੱਚ ਵੀ ਹੈ, ਉਹ ਜ਼ਨਾ (ਵਿਭਚਾਰ) ਹੈ ਆਪ ਨੇ ਫ਼ਰਮਾਇਆ ਕਿ ਰੱਬ ਜੋ ਇਹ ਫ਼ਰਮਾਉਂਦਾ ਹੈ ਕਿ وَلَا تَقْرَبُوا الزِّنٰٓی ਅਰਥਾਤ ਜ਼ਿਨਾ (ਵਿਭਚਾਰ) ਦੇ ਨੇੜੇ ਵੀ ਨ ਜਾਓ ਅਰਥਾਤ ਅਜਿਹੇ ਪ੍ਰੋਗਰਾਮਾ ਤੋਂ ਦੂਰ ਰਹੋ ਜਿਸ ਤੋਂ ਇਹ ਵਿਚਾਰ ਵੀ ਮਨ ਵਿੱਚ ਪੈਦਾ ਹੋ ਸਕਦਾ ਹੋਵੇ, ਫ਼ਰਮਾਇਆ ਉਹਨਾਂ ਮਾਰਗਾਂ ਨੂੰ ਧਾਰਨ ਨ ਕਰੋ ਜਿੰਨ੍ਹਾ ਤੋਂ ਇਸ ਪਾਪ ਦੀ ਉਤਸੁਕਤਾ ਪੈਦਾ ਹੋ ਸਕਦੀ ਹੋਵੇ । ਹਜ਼ੂਰ ਅਨਵਰ ਨੇ ਫ਼ਰਮਾਇਆ : ਅੱਜ ਕਲ ਦੇ ਜੁੱਗ ਵਿੱਚ ਟੀਵੀ ਹੈ ਇੰਟਰਨੈਟ ਹੈ ਇਸ ਉਪੱਰ ਅਜਿਹੀਆਂ ਗ਼ਲਤ ਪ੍ਰਕਾਰ ਦੀਆਂ ਫ਼ਿਲਮਾ ਦਿਖਾਈਆਂ ਜਾਂਦੀਆਂ ਹਨ ਜਿੰਨ੍ਹਾ ਤੋਂ ਖੁੱਲੇ ਤੌਰ'ਤੇ ਵਿਭਚਾਰ ਦੀ ਪ੍ਰੇਰਨਾ ਦਿੱਤੀ ਜਾਂਦੀ ਹੈ, ਸੋ, ਅਜਿਹੀਆਂ ਚੀਜਾਂ ਜੋਂ ਬਚਣਾ ਹਰ

ਇਕ ਅਹਮਦੀ ਦਾ ਕੰਮ ਹੈ । ਕਈ ਘਰਾਂ ਵਿੱਚ ਇਸੇ ਕਰਕੇ ਜੜਾਈ ਝਗੜੇ ਹਨ, ਕਈ ਘਰ ਇਸੇ ਕਰਕੇ ਟੁੱਟ ਰਹੇ ਹਨ ਜਾਂ ਟੁੱਟ ਚੁੱਕੇ ਹਨ ਕਿ ਪਤੀ ਬੈਠਾ ਫ਼ਿਲਮਾ ਦੇਖ ਰਿਹਾ ਹੈ ਜਾਂ ਇੰਟਰਨੈਟ ਉਪੱਰ ਬੈਠਾ ਹੋਇਆ ਹੈ ਅਤੇ ਗ਼ਲਤ ਸੋਚਾਂ ਪੈਦਾ ਹੋਰਹੀਆਂ ਹਨ । ਕਈ ਨੌਜੁਆਨ ਇਸ ਦੇ ਸਬਬ ਬਰਬਾਦ ਹੋ ਰਹੇ ਹਨ ਅਤੇ ਭੈੜੀਆਂ ਸੰਗਤਾਂ ਵਿੱਚ ਪੈ ਰਹੇ ਹਨ ਕਿਉਂਕਿ ਨੰਗੀਆਂ ਅਤੇ ਗ਼ਲਤ ਫ਼ਿਲਮਾ ਨੂੰ ਦੇਖਣ ਦੀ ਆਦਤ ਹੈ । ਸੋ, ਇਕ ਅਹਮਦੀ ਨੂੰ ਵਿਸ਼ੇਸ਼ ਰੂਪ ਵਿੱਚ ਇਨ੍ਹਾ ਚੀਜਾ ਤੋਂ ਬਚਣਾ ਚਾਹੀਦਾ ਹੈ ।

ਫਿਰ ਇਕ ਸਚੱਾ ਅਹਮਦੀ ਬਣਨ ਲਈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਹਰ ਪ੍ਰਕਾਰ ਦੇ ਜ਼ੁਲਮ ਤੋਂ ਬਚਣ ਵੱਲ ਧਿਆਨ ਦੁਆਇਆ ਹੈ । ਆਪ ਨੇ ਫ਼ਰਮਾਇਆ ਕਿ ਜੇਕਰ ਮੇਰੇ ਵੱਲ ਮਨਸੂਬ (ਸੰਬਧਤ) ਹੋਣਾ ਹੈ ਤਾਂ ਫਿਰ ਕਿਸੇ ਸ਼ਰਾਰਤ ਅਤੇ ਜ਼ੁਲਮ, ਫ਼ਸਾਦ ਤੇ ਫ਼ਿਤਨੇ ਦਾ ਵਿਚਾਰ ਵੀ ਦਿਲ ਵਿੱਚ ਨ ਲਿਆਓ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਪ੍ਰਸ਼ਨ ਕੀਤਾ ਗਿਆ ਕਿ ਸਭ ਤੋਂ ਵਡੱਾ ਜ਼ੁਲਮ ਕਿਹੜਾ ਹੈ ? ਤਾਂ ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਸਭ ਤੋਂ ਵਡੱਾ ਜ਼ੁਲਮ ਇਹ ਹੈ ਕਿ ਕੋਈ ਵਿਅਕਤੀ ਆਪਣੇ ਭਾਈ ਦੇ ਹੱਕ ਵਿੱਚੋਂ ਇਕ ਹੱਥ ਜ਼ਮੀਨ ਦੱਬ ਲਏ ਅਰਥਾਤ ਉਸ'ਤੇ ਕਬਜ਼ਾ ਕਰ ਲਏ । ਸੋ, ਕਿਸੇ ਦੇ ਹੱਕ ਮਾਰਨਾ ਬਹੁਤ ਵਡੱਾ ਜ਼ੁਲਮ ਹੈ ਅਤੇ ਪਾਪ ਹੈ । ਗ਼ੈਰਾਂ ਨੂੰ ਅਸੀਂ ਇਸਲਾਮ ਦੀਆਂ ਖ਼ੂਬੀਆਂ ਦਸੱਦੇ ਹਾਂ ਤਾਂ ਕਹਿੰਦੇ ਹਾਂ ਕਿ ਬੰਦਿਆਂ ਦੇ ਹੱਕ ਪੂਰੇ ਕਰਨ ਦੇ ਅਤਿ ਉਤੱਮ ਮਿਆਰ ਇਸਲਾਮ ਦੀ ਸਿੱਖਿਆ ਵਿੱਚ ਹਨ । ਇਸਲਾਮ ਹੱਕ ਲੈਂਣ ਦੀ ਥਾਂ ਹੱਕ ਦੇਣ ਵੱਲ ਧਿਆਨ ਦੁਆਉਂਦਾ ਹੈ । ਤਾਂ ਅਸੀਂ ਲੋਕਾਂ ਨੂੰ ਬਹੁਤ ਵੱਧ ਵੱਧ ਕੇ ਇਹ ਗਲੱਾਂ ਕਹਿੰਦੇ ਹਾਂ ਅਤੇ ਸਾਡੇ ਆਪਣੇ ਅਮਲ ਜੇਕਰ ਇਸਦੇ ਵਿਪਰੀਤ ਹਨ ਤਾਂ ਅਸੀਂ ਪਾਪੀ ਹਾਂ ਅਤੇ ਝੂਠ ਬੋਲ ਰਹੇ ਹਾਂ । ਸੋ ਇਸ ਦਾ ਵੀ ਬਰੀਕੀ ਨਾਲ ਹਰ ਅਹਮਦੀ ਨੂੰ ਜਾਇਜ਼ਾ ਲੈਂਣਾ ਚਾਹੀਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਰੱਬ ਦੀ ਇਬਾਦਤ ਇਕ ਮੋਮਨ ਹੋਣ ਲਈ ਮਹਤੱਵਪੂਰਨ ਸ਼ਰਤ ਹੈ ਸਗੋਂ ਰੱਬ ਨੇ ਮਨੁੱਖ ਦੀ ਪੈਦਾਇਸ਼ ਦਾ ਮੰਤਵ ਵੀ ਇਬਾਦਤ ਕਰਾਰ ਦਿਤੱਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ : ਹੇ, ਉਹ ਸਾਰੇ ਲੋਕੋ ਜੋ ਆਪਣੇ ਆਪ ਨੂੰ ਮੇਰੀ ਜਮਾਤ ਗਿਣਦੇ ਹੋ ਅਕਾਸ਼ ਤੁਹਾਡੇ ਉਪੱਰ ਉਸ ਸਮੇਂ ਮੇਰੀ ਜਮਾਤ ਵਿੱਚ ਗਿਣੇ ਜਾਓਗੇ ਜੱਦ ਸੱਚ ਮੁੱਚ ਤਕਵਾ (ਸੰਜਮਤਾ) ਦੇ ਸੂਖਮ ਮਾਰਗਾਂ ਉਪੱਰ ਪੈਰ੍ਹ ਮਾਰੋਗੇ, ਸੋ, ਪੰਜ ਵੇਲੇ ਦੀਆਂ ਨਮਾਜ਼ਾਂ ਨੂੰ ਅਜਿਹੇ ਖ਼ੌਫ਼ ਤੇ ਹਲੀਮੀ ਨਾਲ ਅਦਾ ਕਰੋ ਕਿ ਸੰਭਵਤਾ ਤੁਸੀਂ ਰੱਬ ਨੂੰ ਦੇਖਦੇ ਹੋ । ਨਮਾਜ਼ ਹਰ ਮੁਸਮਾਨ ਉਪੱਰ ਫ਼ਰਜ਼ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਪਾਸ ਇਕ ਕੌਮ ਨੇ ਇਸਲਾਮ ਪਰਵਾਨ ਕੀਤਾ ਅਤੇ ਅਰਜ਼ ਕੀਤੀ ਕਿ ਹੇ, ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ! ਸਾਨੂੰ ਨਮਾਜ਼ ਮੁਆਫ਼ ਕਰ ਦਿੱਤੀ ਜਾਵੇ, ਸਾਡੇ ਕਪੜੇ ਵੀ ਖ਼ਰਾਬ ਹੋ ਜਾਂਦੇ ਹਨ, ਵਿਹਲ ਵੀ ਨਹੀਂ ਹੁੰਦੀ ਤਾਂ ਆਪ ਨੇ ਫ਼ਰਮਾਇਆ ਕਿ ਦੇਖੋ ਜੱਦ ਨਮਾਜ਼ ਨਹੀਂ ਹੈ ਤਾਂ ਹੈ ਹੀ ਕੀ ? ਉਹ ਧਰਮ ਹੀ ਕੀ ਜਿਸ ਵਿੱਚ ਨਮਾਜ਼ ਨਹੀਂ । ਫ਼ਰਮਾਉਂਦੇ ਹਨ ਨਮਾਜ਼ ਕੀ ਹੈ, ਇਹੋ ਕਿ ਆਪਣੇ ਪ੍ਰੇਮ, ਵਿਨਮ੍ਰਤਾ, ਉਣਤਾਈਆਂ ਤੇ ਕਮਜ਼ੋਰੀਆਂ ਨੂੰ ਰੱਬ ਦੇ ਸਾਹਮਣੇ ਰਖੱਣਾ ਅਤੇ ਉਸੇ ਤੋਂ ਆਪਣੀਆਂ ਜ਼ਰੂਰਤਾਂ ਦੀ ਮੰਗ ਕਰਨੀ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਸਪਸ਼ਟ ਰੂਪ ਵਿੱਚ ਫ਼ਰਮਾਇਆ ਹੈ ਕਿ ਪਸ਼ੂ ਤੇ ਮਨੁੱਖ ਵਿੱਚ ਅੰਤਰ ਕਰਨ ਵਾਲੀ ਚੀਜ਼ ਰੱਬ ਦੀ ਇਬਾਦਤ ਅਤੇ ਨਮਾਜ਼ ਹੈ । ਹਜ਼ੂਰ ਅਨਵਰ ਨੇ ਫ਼ਰਮਾਇਆ : ਮੈਂ ਕਈ ਵਾਰ ਧਿਆਨ ਦੁਆ ਚੁੱਕਿਆ ਹਾਂ ਕਿ ਜੇਕਰ ਨਮਾਜ਼ ਸੈਂਟਰ ਜਾਂ ਮਸਜਿਦ ਦੂਰ ਹੈ ਤਾਂ ਕੁਝ ਨੇੜੇ ਦੇ ਘਰ ਆਪਸ ਵਿੱਚ ਰਲ ਮਿਲਕੇ ਇਕ ਥਾਂ ਨਿਰਧਾਰਤ ਕਰ ਲੈਂਣ ਜਿੱਥੇ ਨਮਾਜ਼ ਪੜ੍ਹੀ ਜਾ ਸਕਦੀ ਹੋਵੇ । ਇਸ ਨਾਲ ਜਿੱਥੇ ਨਮਾਜ਼ ਬਾਜਮਾਤ ਦਾ ਪੁੰਨ੍ਹ ਮਿਲੇਗਾ ਉੱਥੇ ਨਮਾਜ਼ਾਂ ਵੱਲ ਧਿਆਨ ਵੀ ਰਹੇਗਾ ਅਤੇ ਅਗਲੀ ਨਸਲ (ਪੀੜ੍ਹੀ) ਦਾ ਸੁਧਾਰ ਹੁੰਦਾ ਰਹੇ ਗਾ । ਨਮਾਜ਼ ਦੀ ਮਹਤੱਾ ਬਾਰੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ

ਦਾ ਫ਼ਰਮਾਨ ਅਜਿਹਾ ਹੈ ਜੋ ਨਿਸ਼ਚੇ ਹੀ ਸਾਡੇ ਦਿਲਾਂ ਨੂੰ ਹਿਲਾ ਦੇਣ ਵਾਲਾ ਹੈ । ਆਪ ਫ਼ਰਮਾਉਂਦੇ ਹਨ ਕਿ ਕਯਾਮਤ ਦੇ ਦਿਨ ਸਭ ਤੋਂ ਪਹਿਲਾਂ ਜਿਸ ਚੀਜ਼ ਦਾ ਬੰਦਿਆਂ ਤੋਂ ਹਿਸਾਬ ਲਿਆ ਜਾਏਗਾ ਉਹ ਨਮਾਜ਼ ਹੈ । ਜੇਕਰ ਇਹ ਹਿਸਾਬ ਠੀਕ ਰਿਹਾ ਤਾਂ ਉਹ ਸਫ਼ਲ ਹੋ ਗਿਆ ਅਤੇ ਮੁਕਤੀ ਪਾ ਲਈ । ਜੇਕਰ ਇਹ ਹਿਸਾਬ ਖ਼ਰਾਬ ਹੋਇਆ ਤਾਂ ਉਹ ਅਸਫ਼ਲ ਹੋ ਗਿਆ ਅਤੇ ਘਾਟੇ ਵਿੱਚ ਰਿਹਾ । ਅਲੱਾਹ ਤਆਲਾ ਹਰ ਅਹਮਦੀ ਨੂੰ ਇਹ ਹੱਕ ਅਦਾ ਕਰਨ ਦੀ ਤੌਫ਼ੀਕ ਪਰਦਾਨ ਕਰੇ । ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਤਹਜੁੱਦ ਤੇ ਨਫ਼ਲ ਪੜ੍ਹਨ ਵੱਲ ਵੀ ਧਿਆਨ ਹੋਣਾ ਚਾਹੀਦਾ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਫ਼ਰਮਾਨ ਹੈ ਕਿ ਤੁਹਾਡੇ ਕਰਤਵਾਂ ਵਿੱਚ ਜੋ ਕਮੀ ਰਹਿ ਜਾਂਦੀ ਹੈ ਰੱਬ ਉਹਨਾਂ ਨੂੰ ਨਫ਼ਲਾਂ ਰਾਹੀਂ ਪੂਰਾ ਕਰ ਦਿੰਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਫਿਰ ਇਕ ਅਤਿਅੰਤ ਮਹਤੱਵਪੂਰਨ ਜ਼ਰੂਰੀ ਗੱਲ ਜਿਸ'ਤੇ ਹਰ ਅਹਮਦੀ ਨੂੰ ਨਜ਼ਰ ਰਖੱਣੀ ਚਾਹੀਦੀ ਹੈ ਉਹ ਰੱਬ ਤੋਂ ਆਪਣੇ ਗੁਨਾਹਾਂ ਦੀ ਮੁਆਫ਼ੀ ਮੰਗਣ ਵੱਲ ਨਿਰੰਤਰ ਧਿਆਨ ਦੇਣਾ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਰੱਬ ਅਜਿਹਾ ਨਹੀਂ ਕਿ ਲੋਕਾਂ ਨੂੰ ਅਜ਼ਾਬ (ਦੰਡ) ਦੇਵੇ ਜੱਦ ਕਿ ਉਹ ਇਸਤਗ਼ਫ਼ਾਰ (ਖਿਮਾ ਯਾਚਨਾ) ਕਰ ਰਹੇ ਹੋਣ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਹੈ ਕਿ ਇਸ ਜ਼ਮਾਨੇ ਵਿੱਚ ਜੋ ਅੱਜਕੱਲ ਦਾ ਜ਼ਮਾਨਾ ਹੈ, ਕੁਰਆਨ ਕਰੀਮ ਦੀ ਇਹ ਦੁਆ ਪੜ੍ਹਦੇ ਰਹਿਣਾ ਚਾਹੀਦਾ ਹੈ ਕਿ رَبَّنَا ظَلَمْنَآ أَنْفُسَنَا وَإِنْ لَّمْ تَغْفِرْ لَنَا وَتَرْحَمْنَا لَنَكُوْنَنَّ مِنَ الْخٰسِرِيْنَ ਕਿ ਹੇ, ਅਲੱਾਹ ! ਅਸੀਂ ਆਪਣੀਆਂ ਜਾਨਾ ਉਪੱਰ ਜ਼ੁਲਮ ਕੀਤਾ, ਜੇਕਰ ਤੂੰ ਸਾਨੂੰ ਨਹੀਂ ਬਖਸ਼ੇਂਗਾ ਅਤੇ ਸਾਡੇ ਉਪੱਰ ਰਹਿਮ ਨਹੀਂ ਕਰੇਂਗਾ ਤਾਂ ਅਸੀਂ ਘਾਟਾ ਪਾਉਣ ਵਾਲਿਆਂ ਵਿੱਚੋਂ ਹੋ ਜਾਵਾਂਗੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਆਪਣੇ ਮੰਨ੍ਹਣ ਵਾਲਿਆਂ ਲਈ ਇਹ ਵੀ ਮੁਢੱਲੀ ਸ਼ਰਤ ਰੱਖੀ ਹੈ ਕਿ ਉਹ ਹਕੂਕੁਲ ਇਬਾਦ (ਰੱਬ ਦੀ ਮਖ਼ਲੂਕ) ਦੇ ਹੱਕ ਪੂਰੇ ਕਰਨ ਵਾਲੇ ਹੋਣ ਅਤੇ ਰੱਬ ਦੀ ਮਖ਼ਲੂਕ ਨੂੰ ਕਿਸੇ ਪ੍ਰਕਾਰ ਦਾ ਕਸ਼ਟ ਪਹੁੰਚਾਉਣ ਤੋਂ ਗੁਰੇਜ਼ ਕਰਨ । ਹਜ਼ੂਰ ਅਨਵਰ ਨੇ ਫ਼ਰਮਾਇਆ : ਕਿ ਜੇਕਰ ਸਾਰੇ ਮੁਸਲਮਾਨ ਅੱਜ ਇਸ ਸਚੱਾਈ ਨੂੰ ਸਮਝ ਲੈਂਣ ਅਤੇ ਇਸ ਉਪੱਰ ਅਮਲ ਕਰਨ ਵਾਲੇ ਹੋਣ ਅਤੇ ਮੁਸਲਿਮ ਹੁਕੂਮਤਾਂ ਇਸ ਉਪੱਰ ਅਮਲ ਕਰਨ ਵਾਲੀਆਂ ਹੋਣ ਤਾਂ ਅੱਜ ਕੱਲ ਮੁਸਲਮਾਨ ਮੁਸਲਮਾਨ ਉਪੱਰ ਜੋ ਜ਼ੁਲਮ ਕਰਕੇ ਉਹਨਾ ਦੀਆਂ ਜਾਨਾ ਤੇ ਧੰਨ ਮਲ ਨੂੰ ਤਬਾਹ ਕਰ ਰਿਹਾ ਹੈ ਹਜ਼ਾਰਾਂ ਲਖੱਾਂ ਹੀ ਬੱਚੇ ਯਤੀਮ ਹੋ ਰਹੇ ਹਨ, ਲਖੱਾਂ ਹੀ ਇਸਤਰੀਆਂ ਵਿਧਵਾ ਹੋ ਰਹੀਆਂ ਹਨ, ਬਜ਼ੁਰਗ ਮਰ ਰਹੇ ਹਨ ਇਹ ਕੁਝ ਵੀ ਨ ਹੋਵੇ ।

ਫਿਰ ਹੰਕਾਰ ਇਕ ਬਹੁਤ ਵੱਡੀ ਬੁਰਾਈ ਹੈ ਜਿਸ ਤੋਂ ਬਚਣ ਦੀ ਰੱਬ ਨੇ ਕੁਰਆਨ ਕਰੀਮ ਵਿੱਚ ਸਾਨੂੰ ਤਲਕੀਨ ਕੀਤੀ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਇਸ ਬਾਰੇ ਬਹੁਤ ਧਿਆਨ ਦੁਆਇਆ ਹੈ । ਆਪ ਸਲਲਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਜਿਸ ਦਿਲ ਵਿੱਚ ਰਾਈ ਦੇ ਦਾਣੇ ਦੇ ਬਰਾਬਰ ਵੀ ਹੰਕਾਰ ਹੋਵੇਗਾ ਉਹ ਸਵਰਗ ਵਿੱਚ ਨਹੀਂ ਜਾ ਸਕੇਗਾ । ਹਜ਼ੂਰ ਅਨਵਰ ਨੇ ਫ਼ਰਮਾਇਆ : ਹਰ ਅਹਮਦੀ ਨੂੰ ਇਸ ਤੋਂ ਬਚਣ ਦਾ ਜਤਨ ਕਰਨਾ ਚਾਹੀਦਾ ਹੈ । ਦੋ ਵੱਖ ਵੱਖ ਮੌਕਿਆਂ'ਤੇ ਮੇਰੇ ਨਾਲ ਸਭਾ ਵਿੱਚ ਲੜਕੀਆਂ ਵੱਲੋਂ ਇਹ ਪ੍ਰਕਟ ਕੀਤਾ ਕਿਆ ਕਿ ਜਮਾਤ ਵਿੱਚ ਕਈ ਪ੍ਰਕਾਰ ਦਾ ਨਸਲੀ ਭਿੰਨਤਾ ਹੈ ਜੇਕਰ ਕਿਸੇ ਵੀ ਕਾਰਣ ਕਰਕੇ ਨੌਜੁਆਨ ਪੀੜ੍ਹੀ ਵਿੱਚ ਇਹ ਵਿਚਾਰ ਪੈਦਾ ਹੋ ਰਿਹਾ ਹੈ ਤਾਂ ਆਤਿਅੰਤ ਗ਼ਲਤ ਹੈ । ਹਜ਼ੂਰ ਅਨਵਰ ਨੇ 'ਜ਼ੈਲੀ ਤੰਜ਼ੀਮਾ' ਨੂੰ ਇਸ ਹਵਾਲੇ ਨਾਲ ਤਰਬੀਯਤ ਵੱਲ ਧਿਆਨ ਦੁਆਇਆ । ਹਜ਼ੂਰ ਅਨਵਰ ਨੇ ਆਰਥਕ ਕੁਰਬਾਨੀਆਂ ਵੱਲ ਧਿਆਨ ਦੁਆਉਂਦਿਆਂ ਹੋਇਆਂ ਫ਼ਰਮਾਇਆ : ਰੱਬ ਦੀ ਅਪਾਰ ਮਿਹਰ ਨਾਲ ਦੁਨੀਆ ਭਾਰ ਦੀਆਂ ਜਮਾਤਾਂ ਮਾਲ ਦੀਆਂ ਕੁਰਬਾਨੀਆਂ ਵਿੱਚ ਵੱਧ ਰਹੀਆਂ ਹਨ ਪਰ ਜੋ ਬਕਾਇਦਾ ਮਾਲੀ ਨਿਜ਼ਾਮ ਹੈ ਚੰਦੇ ਦਾ, ਉਸ ਨੂੰ ਦੇਖਣ ਤੋਂ ਪਤਾ ਲਗੱਦਾ ਹੈ ਕਿ ਬਹੁਤ ਕਮੀ ਹੈ । ਇਸ ਵੱਲ ਧਿਆਨ ਦੇਣ ਦੀ ਲੋੜ ਹੈ । ਜੇਕਰ ਸਹੀ ਸ਼ਰ੍ਹਾ ਅਨੁਸਾਰ ਚੰਦੇ ਦੇਣਾ

ਸ਼ੁਰੂ ਕਰਨ ਤਾਂ ਮੈਂ ਸਮਝਦਾ ਹਾਂ ਕਿ ਮਸਜਿਦਾਂ ਦੀ ਉਸਾਰੀ ਅਤੇ ਦੂਜੇ ਜਮਾਤੀ ਕੰਮਾ ਲਈ ਫਿਰ ਬਹੁਤ ਹੀ ਘੱਟ ਵੱਖਰੀ ਤਹਿਰੀਕ ਕਰਨ ਦੀ ਲੋੜ ਪਵੇ । ਸੋ, ਇਸ ਪੱਖੋਂ ਆਪਣੀ ਪੜਤਾਲ ਲੈਂਦਿਆਂ ਹੋਇਆਂ ਆਪਣੇ ਚੰਦਾ ਆਮ ਦੇ ਬਜਟ ਲਿਖਵਾਉਣ, ਜਿੰਨ੍ਹਾ ਨੇ ਘੱਟ ਲਿਖਵਾਏ ਹੋਏ ਹਨ ।

ਅੱਜ ਆਖਰੀ ਗੱਲ ਜਿਸ ਵੱਲ ਮੈਂ ਧਿਆਨ ਦੁਆਉਣਾ ਚਾਹੁੰਦਾ ਹਾਂ ਉਹ ਆਗਿਆਕਾਰੀ ਹੈ । ਕੁਝ ਟੇਢੇ ਸੁਭਾਉ ਦੇ ਲੋਕ ਜਾਂ ਮੁਨਾਫ਼ਕਾਂ ਵਾਲੀ ਸੋਚ ਰਖੱਣ ਵਾਲੇ ਲੋਕ ਇਹ ਕਹਿੰਦੇ ਰਹਿੰਦੇ ਹਨ ਕਿ ਮਾਅਰੂਫ਼ (ਉਚਿਤ) ਫ਼ੈਸਲਿਆਂ'ਤੇ ਪ੍ਰਣ ਹੈ ਅਤੇ ਕਹਿੰਦੇ ਹਨ ਕਿ ਕਈ ਸਮੇਂ ਦੇ ਖ਼ਲੀਫ਼ਾ ਦੇ ਫ਼ੈਸਲੇ ਮਾਅਰੂਫ਼ (ਉਚਿਤ) ਨਹੀਂ ਹੁੰਦੇ । ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਇਸ ਦੀ ਵਿਆਖਿਆ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਇਹ ਸ਼ਬਦ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਲਈ ਵੀ ਆਇਆ ਹੈ । ਕੁਰਆਨ ਕਰੀਮ ਵਿੱਚ ਆਉਂਦਾ ਹੈ ਕਿ (وَلَا يَعْصِيْنَكَ فِيْ مَعْرُوْفٍ) ਅਤੇ ਮਾਅਰੂਫ਼ ਗਲੱਾਂ ਵਿੱਚ ਤੇਰੀ ਨਾਫ਼ਰਮਾਨੀ ਨਹੀਂ ਕਰਨਗੇ । ਆਪ ਫ਼ਰਮਾਉਂਦੇ ਹਨ ਕਿ ਕੀ ਹੁਣ ਅਜਿਹੇ ਲੋਕਾਂ ਨੇ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲਾਹੁ ਅਲੈਹਿ ਵਸਲਮ ਦੇ ਐਬਾਂ ਦੀ ਕੋਈ ਸੂਚੀ ਬਣਾ ਲਈ ਹੈ ਕਿ ਕਿਹੜੀ ਗੱਲ ਆਪ ਸਹੀ ਕਹਿਣਗੇ ਅਤੇ ਕਿਹੜੀ ਗੱਲ ਗ਼ਲਤ ਆਖਣਗੇ । نعوذ باللہ من ذالك (ਨਊਜ਼ ਬਿਲੱਾਹਿ ਮਿਨ ਜ਼ਾਲਿਕ)

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਆਗਿਆਕਾਰੀ ਉਚਿਤ ਫ਼ੈਸਲੇ ਜਿਸ ਦੀ ਪਬੰਦੀ ਜ਼ਰੂਰੀ ਹੈ ਉਹ ਅਲੱਾਹ ਦੇ ਆਦੇਸ਼ ਹਨ ਅਤੇ ਫਿਰ ਉਸ ਦੇ ਰਸੂਲ ਦੇ ਆਦੇਸ਼ ਹਨ । ਸੋ, ਜੱਦ ਤੱਕ ਹਕੀਕੀ ਖ਼ਿਲਾਫ਼ਤ ਕਾਇਮ ਹੈ ਅਲੱਾਹ ਅਤੇ ਉਸ ਦੇ ਰਸੂਲ ਦੇ ਆਦੇਸ਼ਾਂ ਦੇ ਵਿਰੁਧ ਫ਼ੈਸਲਾ ਨਹੀਂ ਹੋਵੇਗਾ ਜੋ ਕੁਰਆਨ ਕਰੀਮ ਅਤੇ ਸੁਨੱਤੇ ਰਸੂਲ ਹੈ ਇਸ ਅਨੁਸਾਰ ਹੀ ਹੋਵੇਗਾ । ਹਰ ਵਿਅਕਤੀ ਜੋ ਆਪਣੇ ਆਪ ਨੂੰ ਜਮਾਤ ਦਾ ਹਿਸੱਾ ਸਮਝਦਾ ਹੈ ਉਸ ਦਾ ਇਹ ਫ਼ਰਜ਼ ਹੈ ਕਿ ਸਮੇਂ ਦੇ ਖ਼ਲੀਫ਼ਾ ਦੀ ਜੋ ਜਮਾਤ ਨਾਲ ਸੰਬੰਧਤ ਨਿਰਦੇਸ਼ ਹਨ ਉਹਨਾਂ'ਤੇ ਅਮਲ ਕਰੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਜੇਕਰ ਮੇਰੇ ਵੱਲ ਮਨਸੂਬ (ਸੰਬੰਧਤ) ਹੋਣ ਵਾਲਿਆਂ ਅਤੇ ਮੇਰੀ ਬੈਅਤ ਵਿੱਚ ਆਉਣ ਵਾਤਿਲਆਂ ਦਾ ਸੁਧਾਰ ਨਹੀਂ ਹੁੰਦਾ ਅਤੇ ਉਹ ਅਲੱਾਹ ਅਤੇ ਉਸਦੇ ਰਸੂਲ ਦੀ ਸਿੱਖਿਆ ਅਨੁਸਾਰ ਆਪਣੇ ਜੀਵਨ ਨਹੀਂ ਲੰਘਾਉਂਦੇ ਤਾਂ ਅਜਿਹੀ ਬੈਅਤ ਲਾਭਹੀਨ ਹੈ । ਸੋ ਸਾਡੇ ਅਹਮਦੀ ਹੋਣ ਦਾ ਲਾਭ ਵੀ ਤਾਂ ਹੀ ਹੈ ਜੱਦ ਅਸੀਂ ਇਸ ਵਾਸਤਵਿਕਤਾ ਨੂੰ ਸਮਝਕੇ ਇਸ ਉਪੱਰ ਅਮਲ ਕਰਨ ਦਾ ਜਤਨ ਕਰੀਏ । ਅਲੱਾਹ ਤਆਲਾ ਸਾਨੂੰ ਸਾਰਿਆਂ ਨੂੰ ਇਸਲਾਮ ਦੀ ਹਕੀਕੀ ਤਾਲੀਮ ਨੂੰ ਸਮਝਣ ਦੀ ਤੋਫ਼ੀਕ ਪ੍ਰਦਾਨ ਕਰੇ ।

**Khulasa Khutba Jumma 02.11.2018**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131